# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

(1) ਡਾਇਰੈਕਟਰ, ਟਰਾਂਸਪੋਰਟ ਵਿਭਾਗ, ਪੰਜਾਬ।
(2) ਐਮ.ਡੀ., ਪੀ.ਆਰ.ਟੀ.ਸੀ., ਪਟਿਆਲਾ, ਪੰਜਾਬ।
(3) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ ।
(4) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
(5) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
(6) ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ : ਸਸਅ/ਐਮਸੀ/2017/ 1653
ਮਿਤੀ : 28-2-17

**ਵਿਸ਼ਾ :-** **ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਵਿਜ਼ਿਟ ਕਰਵਾਉਣ ਸਬੰਧੀ।**

**ਹਵਾਲਾ :-** **ਇਸ ਦਫ਼ਤਰ ਦੇ ਪੱਤਰ ਨੰ. ਸਸਅ/ਐਮਸੀ/2016/201743 ਮਿਤੀ 3.1.2017 ਅਨੁਸਾਰ।**

**1.0** ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਲਿਖਿਆ ਜਾਂਦਾ ਹੈ ਕਿ ਐਸ.ਸੀ.ਈ.ਆਰ.ਟੀ., ਪੰਜਾਬ ਵੱਲੋਂ ਮਿਤੀ 20.2.2017 ਤੋਂ ਅੱਠਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਲਈ ਜਾ ਰਹੀ ਹੈ, ਜੋ ਕਿ ਮਿਤੀ 27.2.2017 ਨੂੰ ਖਤਮ ਹੋਵੇਗੀ। ਇਸ ਲਈ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮਿਤੀ 1.3.2017 ਤੋਂ ਮਿਤੀ 30.3.2017 ਤੱਕ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਈ ਜਾਵੇ।

**2.0** ਛੇਵੀਂ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਾਲਾਨਾ ਮੁਲਾਂਕਣ ਮਿਤੀ 6.3.2017 ਤੋਂ ਮਿਤੀ 18.3.2017 ਤੱਕ ਹੋਵੇਗਾ। ਇਸ ਲਈ ਛੇਵੀਂ ਅਤੇ ਸਤਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮਿਤੀ 20.3.2017 ਤੋਂ 30.3.2017 ਤੱਕ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਈ ਜਾਵੇ।

**3.0** ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਉਣ ਲਈ ਯੋਗ ਵਿਦਿਆਰਥੀਆਂ ਦੀ ਲਿਸਟ ਬਣਾਉਣ ਸਮੇਂ ਹਵਾਲਾ ਅਧੀਨ ਪੱਤਰਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

**4.0** ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਵੱਲੋਂ ਆਪਣੇ ਜ਼ਿਲ੍ਹੇ ਦਾ ਸ਼ਡਿਊਲ (ਦਿੱਤੀਆਂ ਗਈਆਂ ਮਿਤੀਆਂ ਮੁਤਾਬਿਕ) ਬਣਾ ਕੇ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਐਮ.ਡੀ., ਪੀ.ਆਰ.ਟੀ.ਸੀ./ਡਾਇਰੈਕਟਰ, ਟਰਾਂਸਪੋਰਟ ਵਿਭਾਗ, ਪੰਜਾਬ ਅਤੇ ਮੁੱਖ ਦਫ਼ਤਰ ਨੂੰ ਮਿਤੀ 28.02.2017 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ।

5.0 ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸ਼੍ਰੀ ਅਸ਼ਨੀ ਕੁਮਾਰ, ਪ੍ਰੋਜੈਕਟ ਕੋਆਰਡੀਨੇਟਰ,ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੇ ਮੋਬਾਈਲ ਨੰ. 9888056954 ਤੇ ਸੰਪਰਕ ਕੀਤਾ ਜਾ ਸਕਦਾ ਹੈ।

6.0 ਪਹਿਲਾਂ ਦੀ ਤਰਜ਼ ਤੇ ਹੀ ਵਿਦਿਆਰਥੀਆਂ ਨੂੰ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਉਣ ਹਿੱਤ ਪੀ.ਆਰ.ਟੀ.ਸੀ./ ਪੰਜਾਬ ਰੋਡਵੇਜ਼ ਡਿਪੂ (ਟ੍ਰਾਂਸਪੋਰਟ ਵਿਭਾਗ) ਦੇ ਕੋਆਰਡੀਨੇਟਰਾਂ ਵੱਲੋਂ ਬੱਸਾਂ ਮੁਹਈਆ ਕਰਵਾਈਆਂ ਜਾਣਗੀਆਂ। ਹਰ ਜ਼ਿਲ੍ਹੇ ਤੋਂ ਰੋਜ਼ਾਨਾ 50 ਵਿਦਿਆਰਥੀ + 2 ਅਧਿਆਪਕ (ਕੇਵਲ ਸਾਇੰਸ ਅਤੇ ਮੈਥ ਅਧਿਆਪਕ) ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਨਗੇ।ਪੀ.ਆਰ.ਟੀ.ਸੀ./ਪੰਜਾਬ ਰੋਡਵੇਜ਼ ਡਿਪੂ (ਟਰਾਂਸਪੋਰਟ ਵਿਭਾਗ) ਦੇ ਬੱਸਾਂ ਦੇ ਬਿਲਾਂ ਦੀ ਅਦਾਇਗੀ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਵੱਲੋਂ ਕੀਤੀ ਜਾਵੇਗੀ।

7.0 ਪੀ.ਆਰ.ਟੀ.ਸੀ./ਪੰਜਾਬ ਰੋਡਵੇਜ਼ ਡਿਪੂ (ਟਰਾਂਸਪੋਰਟ ਵਿਭਾਗ) ਦੇ ਬੱਸਾਂ ਦੇ ਬਿਲ ਸਮੇਂ ਤੇ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਨੂੰ ਅਦਾਇਗੀ ਲਈ ਭੇਜੇ ਜਾਣ ਤਾਂ ਜੋ ਇਹਨਾਂ ਬਿਲਾਂ ਦੀ ਅਦਾਇਗੀ 31 ਮਾਰਚ 2017 ਤੋਂ ਪਹਿਲਾਂ ਕੀਤੀ ਜਾ ਸਕੇ।

8.0 ਇਹ ਪੱਤਰ ਮੁੱਖ ਚੋਣ ਅਫ਼ਸਰ, ਪੰਜਾਬ ਦੇ ਮੀਮੋ ਨੰ: ਚੋਣ-2017/ਆਰ (ਕਲੈਰੀਫਿਕੇਸ਼ਨ) - 2485 ਮਿਤੀ 10.2.2017 ਅਨੁਸਾਰ ਮਿਲੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**